# ਰਹਿਰਾਸ ਬਾਰੇ, ਪੂਜਾ ਆਰਤੀ

ੴ ਸਤਿਗੁਰਪ੍ਰਸਾਦਿ ॥

ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥
ਧੰਨੁ ਧੰਨੁ ਗੁਰੂ ਨਾਨਕ ਜਨ ਕੇਰਾ ਜਿਤੁ ਮਿਲਿਐ ਚੂਕੇ ਸਭਿ ਸੋਗ ਸੰਤਾਪੇ ॥ [੧]

ਮੇਰੇ ਮੀਤ ਗੁਰਦੇਵ ਮੋ ਕਉ ਰਾਮ ਨਾਮੁ ਪਰਗਾਸਿ ॥ [੨]

ਧੰਨ ਧੰਨ ਬਾਬਾ ਕਰਮ ਸਿੰਘ ਜੀ ਤੇਰੀ ਸਦਾ ਹੀ ਜੈ ॥

ਸਰਨਿ ਪਰੇ ਕੀ ਰਾਖੁ ਦਇਆਲਾ ॥ ਨਾਨਕ ਤੁਮਰੇ ਬਾਲ ਗੁਪਾਲਾ ॥ [੩]

ਸਾਧ ਸੰਗਤ ਜੀਓ, ਘੰਟੇ ਕਾ ਵਰਨਨ ਹੋਏ ਬਾਦ ਭੀ ਸ਼ੰਕਾਵਾਦੀ ਸਜਨ ਪ੍ਰੇਮੀ ਬਹੁਤ ਕੁਛ ਕਹਿ ਰਹੇ ਸਨ ਕਿ ਇਥੇ ਰਹਿਰਾਸ ਸਾ: ਬਹੁਤ ਬੜੀ ਪੜ੍ਹਦੇ ਹਨ ਤੇ ਇਥੇ ਦੀਵੇ ਥਾਲ ਵਿਚ ਰਖ ਕੇ ਜੋਤਾਂ ਜਗਾ ਕੇ ਆਰਤੀ ਕਰਦੇ ਹਨ। ਏਹ ਗੁਰਮਤ ਦੇ ਉਲਟ ਹੈ। ਇਸਤਰ੍ਹਾਂ ਦੇ ਹੋਰ ਭੀ ਸ਼ੰਕਾ ਕਰ ਰਹੇ ਸਨ। ਅਸਾਂ ਨੇ ਉਨ੍ਹਾਂ ਨੂੰ, ਸ਼ੰਕਾਵਾਦੀ ਸਜਨਾਂ ਪੁਛਿਆ ਕਿ ਭਾਈ ਪ੍ਰੇਮੀਓ, ਤੁਸੀ ਨਿਰਗੁਨ ਦੀ ਪੂਜਾ ਦਾ ਵਰਨਨ ਕਰ ਰਹੇ ਹੋ ਕਿ ਸਰਗੁਨ ਦੀ ਪੂਜਾ ਦਾ ਵਰਨਨ ਕਰ ਰਹੇ ਹੋ ? ਉਹ ਕਹਿਣ ਲਗੇ ਕਿ ਨਿਰਗੁਣ ਸਰਗੁਣ ਕੀ ਹੁੰਦਾ ਹੈ ? ਤਾਂ ਅਸਾਂ ਨੇ ਕਿਹਾ ਕਿ ਭਾਈ ਪ੍ਰੇਮੀਓ, ਪੂਜਾ ਦੋ ਪਰਕਾਰ ਕੀ ਹੈ : ੧) ਏਕ ਅੰਤ੍ਰ ਪੂਜਾ, ੨) ਦੂਜੀ ਬਾਹਰ ਦੀ ਪੂਜਾ।

੧) ਅੰਤਰ ਕੀ ਪੂਜਾ ਨਿਰਗੁਣ ਦੀ ਪੂਜਾ ਹੈ। ੨) ਬਾਹਰ ਦੀ ਸਰਗੁਣ ਦੀ ਪੂਜਾ ਹੈ। ਅੰਤਰ ਕੀ ਪੂਜਾ ਬਾਰੇ ਗੁਰੂ ਸਾਹਿਬ ਜੀ ਨੇ ਆਸਾ ਦੀ ਵਾਰ ਵਿਚ ਫ਼ੁਰਮਾਯਾ ਹੈ ਕਿ ਅੰਤਰ ਦਾ ਤੀਰਥ ਭੀ ਹੋਰ ਹੈ : -

ਸ੍ਰੀ ਮੁਖਵਾਕ

---

[੧] ਗਉੜੀ ਬੈਰਾਗਣਿ ਮਹਲਾ ੪, ਪੰਨਾ ੧੬੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੨] ਰਾਗੁ ਗੂਜਰੀ ਮਹਲਾ ੪, ਪੰਨਾ ੧੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੩] ਗਉੜੀ ਬਾਵਨ ਅਖਰੀ ਮਹਲਾ ੫, ਪੰਨਾ ੨੬੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ ॥ ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ ॥ [੪]

ਸੋ ਭਾਈ ਪ੍ਰੇਮੀਓ, ਜੇੜ੍ਹੀ ਪੂਜਾ ਦਾ ਤੁਸੀਂ ਵਰਨਨ ਕਰ ਰਹੇ ਹੋ, ਉਥੇ ਤੀਰਥ ਭੀ ਹੋਰ ਹੈ : -

ਬਿਲਾਵਲੁ ਮਹਲਾ ੧ ॥ ਮਨੁ ਮੰਦਰੁ ਤਨੁ ਵੇਸ ਕਲੰਦਰੁ ਘਟ ਹੀ ਤੀਰਥਿ ਨਾਵਾ ॥ [੫]

ਸੋ ਭਾਈ ਸ਼ੰਕਾਵਾਦੀ ਸਜਨੋ, ਗੁਰੂ ਸਾਹਿਬ ਜੀ ਉਸ ਪੂਜਾ ਦਾ ਜੋ ਅੰਦ੍ਰਲੀ ਪੂਜਾ ਹੈ, ਉਸ ਦਾ ਮੰਦ੍ਰ ਭੀ ਅੰਦ੍ਰ ਹੈ। (ਮਨੁ ਮੰਦਰੁ) ਸੋ ਭਾਈ ਪ੍ਰੇਮੀ ਸਜਨੋ, ਆਪ ਪਹਿਲੇ ਏਹ ਦਸਨ ਦੀ ਕ੍ਰਿਪਾਲਤਾ ਕਰੋ ਕਿ ਤੁਸੀਂ ਜੇੜ੍ਹਾ ਆਰਤੀ, ਘੰਟੇ ਦਾ ਖੰਡਨ ਕਰਦੇ ਹੋ, ਓਹ ਕਿਥੇ ਲਿਖਿਯਾ ਹੈ ? ਸ਼ੰਕਾਵਾਦੀ ਕਹਿਨੇ ਲਗੇ ਕਿ ਮਹਾਰਾਜ ਗੁਰਬਾਣੀ ਵਿਚ ਫ਼ੁਰਮਾਯਾ ਹੈ : -

ਘੰਟਾ ਜਾ ਕਾ ਸੁਨੀਐ ਚਹੁ ਕੁੰਟ ॥ [੬]

ਸੋ ਭਾਈ ਸਜਨੋ ਏਹ ਸਬਦ ਦੀਆਂ ਪੂਰੀਆਂ ਤੁਕਾਂ ਪੜ੍ਹ ਕੇ ਦੇਖੋ। ਜਿਥੇ ਘੰਟੇ ਦਾ ਵਰਨਨ ਹੈ, ਉਥੇ ਉਸ ਸਬਦ ਵਿਚ ਕੀਰਤਨ ਵ ਚੌਰ ਦਾ ਭੀ ਵਰਨਨ ਹੈ। ਜਿਥੇ ਘੰਟੇ ਦਾ ਤਿਆਗ ਕਰਨਾ ਹੋਗਾ, ਉਥੇ ਚੌਰ, ਕੀਰਤਨ ਦਾ ਭੀ ਕਰਨਾ ਹੋਗਾ। ਉਸਤਰ੍ਹਾਂ ਅਨੰਦਪੁਰ ਸਾਹਿਬ ਵਿਚ ਜਿਸਤਰ੍ਹਾਂ ਸਿੰਘ ਨੇ ਤੁਕ ਪੜ੍ਹੀ ਸੀ ਕਿ

ਕੇਤੇ ਲੈ ਲੈ ਮੁਕਰੁ ਪਾਹਿ ॥ [੭]

ਕਿਸੇ ਸਿਖ ਨੇ ਕਿਹਾ ਕਿ ਸਿੰਘਾ ਅਗਲੀ ਭੀ ਤੁਕ ਪੜ੍ਹ

ਕੇਤੇ ਮੂਰਖ ਖਾਹੀ ਖਾਹਿ ॥ [੮]

ਸੋ ਭਾਈ ਸ਼ੰਕਾਵਾਦੀ ਸਜਨੋ, ਪੂਰੇ ਸਬਦ ਦੇ ਅਰਥ ਵੀਚਾਰਾ ਕਰੋ। ਆਓ, ਅੰਦ੍ਰਲੀ ਪੂਜਾ ਦੇ ਬਾਰੇ ਹੋਰ ਵੀਚਾਰ ਕਰੀਏ। ਗੁਰਬਾਣੀ ਵਿਚ ਜਿਕਰ ਆਯਾ ਹੈ : -

---

[੪] ਵਾਰ ਆਸਾ, ਸਲੋਕ, ਮਹਲਾ ੧, ਪੰਨਾ ੪੬੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੫] ਪੰਨਾ ੭੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੬] ਆਸਾ ਮਹਲਾ ੫, ਪੰਨਾ ੩੯੩, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੭] ਸ੍ਰੀ ਜਪੁ ਜੀ ਸਾਹਿਬ, ਪੰਨਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੮] ਸ੍ਰੀ ਜਪੁ ਜੀ ਸਾਹਿਬ, ਪੰਨਾ ੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ ॥ [੯]

ਸੋ ਸ਼ੰਕਾਵਾਦੀ ਸਜਨੋ, ਜੇਕਰ ਤੁਸਾਂ ਨੇ ਅੰਤ੍ਰ ਦੀ ਪੂਜਾ ਕਰਨੀ ਹੈ, ਤਾਂ ਉਸ ਦੇ ਵਾਸਤੇ ਭੀ ਪੂਰੀ ਸਮਗਰੀ ਹੋਨੀ ਚਾਹੀਏ ਔਰ ਦੇਉ ਵ ਦੇਵਤਾ ਭੀ ਓਹੀ ਚਾਹੀਏ । ਉਸ ਦੇਵਤੇ ਦੇ ਬਾਰੇ ਆਸਾ ਦੀ ਵਾਰ ਵਿਚ ਗੁਰੂ ਸਾਹਿਬ ਜੀ ਇਸ ਤਰ੍ਹਾਂ ਫੁਰਮਾਂਉਂਦੇ ਹਨ : -

ਏਕ ਕ੍ਰਿਸਨੰ ਸਰਬ ਦੇਵਾ ਦੇਵ ਦੇਵਾ ਤ ਆਤਮਾ ॥ ਆਤਮਾ ਬਾਸੁਦੇਵਸ੍ਿ ਜੇ ਕੋ ਜਾਣੈ ਭੇਉ ॥ ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ ॥ [੧੦]

## ਆਤਮ ਦੇਵ

ਇਸ ਆਤਮ ਦੇਵ ਦੇ ਬਾਰੇ ਵਸੀਸਟ ਮੁਨੀ ਜੀ ਨੇ ਸ੍ਰੀ ਮਹਾਦੇਵ ਤੋਂ ਆਤਮ ਦੇਵ ਬਾਰੇ ਪੁਛਿਆ ਸੀ, ਜਿਸਦਾ ਪ੍ਰਸੰਗ ਇਸਤਰ੍ਹਾਂ ਹੈ : -

ਟੀਕਾ : ਏਕ ਕਾਲ ਮੇਂ ਵਸਿਸ਼ਟ ਮੁਨੀ ਕੈਲਾਸ਼ ਮੇਂ ਸ੍ਰੀ ਮਹਾਦੇਵ ਜੀ ਕੇ ਪਾਸ ਜਾਤੇ ਭਏ । ਕੈਸੇ ਵਸਿਸ਼ਟ ਜੀ ਹੈਂ, ਜੋ ਸ੍ਰਵ ਵਿਸ਼ਯੋਂ ਸੇ ਉਪਰਾਮ ਹੈਂ । ਔਰ ਸ੍ਰਵ ਪਾਪੋਂ ਕੇ ਨਿਵਿਰਤੀ ਅ੍ਰਥ ਔਰ ਸ੍ਰਵ ਕਲਿਆਨ ਕੀ ਪ੍ਰਾਪਤੀ ਅ੍ਰਥ ਦੇਵ ਪੂਜਨ ਕਿਸ ਉਤਮ ਸਮਗ੍ਰੀ ਸੇ ਕਰਨਾ ਚਾਹੀਏ, ਏਹ ਪੂਛਤੇ ਭਏ । ਤਬ ਸ੍ਰੀ ਮਹਾਦੇਵ ਪ੍ਰਮ ਕ੍ਰਿਪਾਲੁ ਸਰਵਗਯ ਪਰਮ ਪੁਰਸ਼ਾਰਥ ਕਾ ਸਾਧਨ ਤਤ ਗਿਆਨ, ਸ੍ਰਵ ਦੇਵ ਅਰਚਨ ਕਾ ਪਰਮ ਰਹਸਯ ਸਰਣਾਗਤ ਵਸਿਸ਼ਟ, ਜੋ ਕੋ ਉਪਦੇਸ਼ ਕਰਤੇ ਭਏ । ਇਸ਼ਵਰਉ ਵਾਚ : ਹੇ ਬ੍ਰਹਮਵੇਤਾਓਂ ਮੇਂ ਸ਼੍ਰੇਸ਼ਟ ਵਸਿਸ਼ਟ ਜੀ, ਮੈਂ ਤੁਮਾਰੇ ਕੋ ਉਤਮ ਦੇਵ ਅਰਚਨ ਕਹਿਤਾ ਹੂੰ । ਸ਼੍ਰਵਨ ਕਰੋ । ਜਿਸ ਕੇ ਏਕ ਵਾਰੀ ਪੁਝਾਨ ਕਰਨੇ ਸੇ ਸ੍ਰਵ ਪਾਪੋਂ ਸੇ ਮੁਕਤ ਹੋ ਜਾਉਗੇ । ਹੇ ਬ੍ਰਹਮ, ਪਹਿਲੇ ਜਿਸ ਦੇਵ ਕੀ ਪੂਜਾ ਕਰਨੀ ਹੈ, ਉਸ ਦੇਵ ਕੋ ਤੁਮ ਜਾਨਤੇ ਹੋ । ਵਸਿਸ਼ਟ ਜੀ ਕਹਿਨ ਲਗੇ, ਜਾਂ ਪੁੰਡਰੀਕਾ ਸਯਾਨ ਕਵਲਨੈਨ ਤ੍ਰਿਨੇਤ੍ਰ ਔਰ ਕਮਲਜ ਇੰਦ੍ਰ ਅਗਨੀ ਸੂਰਜ ਇਤਆਦੀ ਸਭ ਦੇਵਤਾ ਹੀ ਹੈਂ । ਤਬ ਭਗਵਾਨ ਸ਼ਿਵ ਕਹਿਨੇ ਲਗੇ, ਏਹ ਦੇਵਤੇ ਨਹੀਂ ਹੈਂ, ਕਿੰਤੂ ਇਨ ਸਭ ਕੋ ਪ੍ਰਕਾਸ਼ ਕਰਨੇ ਵਾਲਾ, ਪ੍ਰੇਰਨਾ ਕਰਨੇ ਵਾਲਾ ਔਰ ਇਨ ਸਭ ਮੇਂ ਪੂਰਨ ਅਤ੍ਰਿਤ੍ਰੇ ਆਦਿ ਅੰਤ ਰਹਿਤ ਹੀ ਦੇਵ ਪੂਜਨ ਲਾਇਕ ਹੈ ਔਰ ਜੋ ਤੁਮਨੇ ਦੇਵਤਾ ਕਹੇ ਹੈਂ, ਏਹ ਦੇਵਤਾ ਨਹੀਂ ਯਾਰੀ ਕਹਿਤੇ ਹੈ ਨ ਕਵਲਨੈਨ ਦੇਵ ਨਹੀਂ, ਤ੍ਰਿਲੋਚਨ ਦੇਵ ਨਹੀਂ, ਬ੍ਰਹਮਾ ਦੇਵ ਨਹੀਂ, ਇੰਦ੍ਰ ਭੀ ਦੇਵ ਨਹੀਂ, ਨਾ ਦੇਵ ਵਾਯੂ ਹੈ, ਨਾ ਸੂਰਜ, ਨ ਚੰਦਰਮਾ, ਨ ਅਗਨੀ ਹੈ । ਨ ਦੇਵ ਬ੍ਰਹਮਨ ਹੈ, ਨ ਖਤ੍ਰੀ ਹੈ । ਨ ਮੈਂ ਹੂੰ । ਹੇ ਵਸਿਸ਼ਟ ਨ ਤੂੰ ਦੇਵਤਾ ਹੈ, ਨਾ ਕੋਈ ਦੇਹ ਰੂਪ ਦੇਵਤਾ ਹੈ, ਨ ਕੋਈ ਮਨ, ਬੁਧੀ, ਚਿਤ ਰੂਪੀ ਦੇਵਤਾ ਹੈ, ਨਾ ਕੋਈ ਮਾਯਾ ਰੂਪੀ ਦੇਵਤਾ ਹੈ,

---

[੯] ਰਾਗੁ ਗੂਜਰੀ ਮਹਲਾ ੧ ਚਉਪਦੇ ਘਰੁ ੧, ਪੰਨਾ ੪੮੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

[੧੦] ਵਾਰ ਆਸਾ, ਸਲੋਕ, ਮਹਲਾ ੨, ਪੰਨਾ ੪੬੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।

ਕਿੰਤੂ ਅੰਕ੍ਰਤਮ ਅਨਾਦਿ ਅਨੰਤ ਦੇਵਤਨਓ ਦਾ ਦੇਵਤਾ ਹੈ । ਆਕਾਰਾਦਿਕੋਂ ਕਾ ਅਥ੍ਰ ਤੋ ਪ੍ਰਛੰਨ ਵਸਤੁ ਹੈ, ਉਸ ਮੇਂ ਦੇਵਪਦ ਕਹਾ ਹੈ ? ਕਿੰਤੂ ਅਕਿਰਤ ਅਨਾਦਿ ਅਨੰਤ ਚੇਤਨ ਕਲਿਯਾਨ ਸਰੂਪ ਕਰਕੇ ਜਿਸਕੇ ਵਿਦਵਾਨ ਜਾਨਤੇ ਹੈਂ, ਸੋਈ ਦੇਵ ਸਬਦ ਕਰਕੇ ਕਹਾ ਜਾਤਾ ਹੈ ਔਰ ਤਿਸੀ ਕਾ ਹੀ ਪੂਜਨ ਕਰਨਾ ਚਾਹੀਏ । ਸੋਈ ਸਤ ਸਰੂਪ ਕਰਕੇ ਸਿਥਤ ਹੈ ਔਰ ਤਿਸੀ ਸੇ ਹੀ ਅਖਿਲ ਸੂਖਮ ਅਸਥੂਲ ਰੂਪ ਪਰੀ ਬ੍ਰਹਮੰਡ ਪੈਦਾ ਹੋਤਾ ਹੈ । ਸ਼ੰਕਾ । ਤੋ ਫੇਰ ਕਵਲਨੈਨ ਆਦਿ ਜੋ ਅਕਾਰਾਦਿ ਕੇ ਵਾਚਯ ਹੈਂ, ਉਨੋਂ ਕਾ ਪੂਜਨ ਨਿਰਾਰਥਕ ਹੈ । ਉਤਰ । ਪਰ ਤੱਤਵ ਕੇ ਨਾ ਜਾਨਨੇ ਵਾਲੇ ਕੋ ਅਗਿਨੀਓ ਕੇ ਵਾਸਤੇ ਕਵਲਨੈਨ ਆਦਿਕੋਂ ਕਾ ਪੂਜਨ ਸਫਲ ਹੈ ਔਰ ਸ਼ਾਸਤ੍ਰ ਨੇ ਆਗਿਯਾ ਭੀ ਕਰੀ ਹੈ, ਜੇ ਕੋਈ ਚਾਰ ਕੋਸ ਨਹੀਂ ਚਲ ਸਕਤਾ, ਤੋ ਉਨੋਂ ਕੇ ਵਾਸਤੇ ਏਕ ਕੋਸ ਕਾ ਚਲਨਾ ਭੀ ਅਛਾ ਹੈ, ਵਿਅਥ੍ਰ ਨਹੀਂ ਹੈ । ਤੈਸੇ ਪਰਤਤਵ ਕੋ ਨ ਜਾਨਨੇ ਵਾਲੇ ਕੇ ਵਾਸਤੇ ਵਿਸ਼ਨੂੰ ਆਦਿਕੋਂ ਕਾ ਪੂਜਨ ਹੀ ਅਛਾ ਹੈ, ਪਰੰਤੂ ਪਰ ਤਤਵ ਕੇ ਜਾਨਨੇ ਵਾਲੇ ਕੋ ਵਿਸ਼ਨੂੰ ਆਦਿ ਦੇਵਤੋਂ ਕਾ ਪੂਜਨ ਨਿਸਫਲ ਹੈ । ਕੈਸੇ ? ਜੈਸੇ ਸੁਗੰਧੀ ਵਾਲੇ ਮੰਦਾਰ ਬਨ ਕੋ ਤਿਆਗ ਕਰ ਨਿਰਗੰਧ ਕੰਡੋਂ ਵਾਲੇ ਕਰੰਜਏ ਕੇ ਬਨ ਕੋ ਸੇਵਨ ਕਰਨੇ ਵਾਲਾ ਜੈਸੇ ਮੂੜ੍ਹ ਹੈ, ਤੈਸੇ ਵਹ ਭੀ ਮੂੜ੍ਹ ਹੈ, ਜੋ ਪਰਤਤਵ ਕਾ ਪੂਜ ਨਹੀਂ ਕਰਤਾ । ਸ਼ੰਕਾ । ਪਰਤਤਵ ਕੀ ਪੂਜਾ ਕਿਸ ਸਮਗ੍ਰੀ ਸੇ ਕਰੇ ? ਉਤਰ : - ਬੋਧ ਯਾਨਿ ਜਿਆਨ ਸਯਾਮ ਯਾਨੇ ਸਰਵਤਰ ਸਮਦ੍ਰਸਨ ਔਰ ਸਮ ਨਾਮ ਚਿਤ ਕੀ ਇਕਾਗ੍ਰਤਾ, ਇਨ ਤੀਨ ਫਲੋ ਕਲਿਆਨ ਸਰੂਪ ਚਿਤ ਮਾਤ੍ਰ ਸੁਧ ਸਰੂਪ ਪਰਬ੍ਰਹਮ ਹੀ ਵਿਦਵਾਨੋਂ ਕਰਕੇ ਪੂਜੇਹ ਹੈ । ਐਸੇ ਪੂਜਾ ਕਰਨੇ ਵਾਲੇ ਕਹਤੇ ਹੈਂ (ਬੋਧ) ਸਾਮਯ ਸਮ ਪ੍ਰਸਪੋ ਕਹਿ ਕੇ ਜੋ ਆਤਮ ਦੇਵ ਪੂਜ ਜਾਤਾ ਹੈ । ਏਹੀ ਦੇਵ ਅਰਚਨ ਹੈ ਔਰ ਵਿਸ਼ਨੂੰ, ਸ਼ਿਵ ਆਦਿਕੋਂ ਕਾ ਪੂਜਨ ਦੇਵ ਅਰਚਨ ਹੈ (੧੨) ਗਿਆਨ ਸਰੂਪ ਆਤਮ ਦੇਵ ਕਾ ਪੂਜਨ ਛੋੜ ਕਰ ਜੋ ਵਿਸ਼ਨੂੰ ਆਦਿਕ ਕੇ ਪੂਜਨ ਸੇ ਆਸਕਤ, ਯਾਨੇ ਪ੍ਰੀਤ ਕਰਨੇ ਵਾਲੇ ਪੁਰਸ਼ ਹੈ, ਵਹੁ ਚਿਰ ਕਾਲ ਤਕ ਦੁਖ ਪਾਇੰਗੇ । (੧੩) ਸ਼ੰਕਾ । ਗਿਆਤ ਗੇਯ ਵਿਦਵਾਨ ਭੀ ਸਮਾਧੀ ਸੇ ਉਠ ਕਰ ਵਿਸ਼ਨੂੰ ਕਾਲ ਤਕ ਦੁਖ ਆਦਿ ਦੇਵਤਾਉਂ ਕਾ ਪੂਜਨ ਕਰਤੇ ਹੂਏ ਦੇਖਨੇ ਮੇਂ ਆਤੇ ਹੈਂ । ਉਤਰ । ਹਾਂ ਦੇਖਨੇ ਮੇਂ ਆਤੇ ਹੈਂ । ਸੋ ਬਾਲ ਕਿਰੜਾ ਰਥ, ਜੈਸੇ ਬਾਲਕ ਰੇਤੇ ਮੇਂ ਘਰ ਬਨਾਤੇ ਹੈਂ, ਸੋ ਕਿਰੜਾ ਰਥ ਬਨਾਤੇ ਹੈਂ, ਭੋਗ ਅਥ੍ਰ ਨਹੀਂ । ਤੈਸੇ ਲੀਲਾ ਨਿਮਤ, ਯਾਨੇ ਕਿਰੜਾਰਥ ਪੂਜਾ ਕਰਤੇ ਹੈਂ, ਆਤਮ ਚਿੰਤਨ, ਭੋਗ ਅਥ੍ਰ, ਯਾਨੇ ਆਤਮਾਨੰਦ ਅਥ੍ਰ ਨਹੀਂ । ਵਿਦਵਾਨੋਂ ਕਰਕੇ ਕਿਰੜਾ ਲਾਇਕ ਤੋਂ ਆਤਮ ਦੇਵ ਹੀ ਹੈ, ਜੋ ਕਲਿਆਨ ਸਰੂਪ ਸਬ ਦਾ ਕਾਰਨ ਹੈ । ਗਿਆਨਾਦਿ ਪ੍ਰਸਪੋ ਕਰਕੇ ਸਰਵ ਦਾ ਪੂਜਨੀਯ ਹੈ, ਤਾਂ ਤੇ, ਹੇ ਵਿਸਿਸ਼ਟ ਜੀ, ਤੂੰ ਭੀ ਐਸੇ ਅਕਾਸ਼ ਕੀ ਨਿਆਈ ਅਸੰਗ ਵਿਆਪਕ ਚੇਤਨ ਅਵਿਨਾਸੀ ਆਤਮਾ ਕੋ ਜਾਣ ਕਰ ਪੂਜਨ ਕਰ । ਵੋਹੀ ਪੂਜਨੇ ਲਾਇਕ ਹੈ, ਦੂਸਰੀ ਵਸਤੂ ਪੂਜਨ ਲਾਯਕ ਨਹੀਂ । ਇਸ ਪ੍ਰਕਾਰ ਵਸਿਸ਼ਟ ਮੁਨੀ ਕੋ ਮਹਾਦੇਵ ਜੀ ਪੂਜਨੇ ਲਾਇਕ ਦੇਵ ਉਪਦੇਸ ਕਰਤੇ ਭਏ । ਏਹ ਮਾਨਸੀ ਪੂਜਾ ਏਕ ਬ੍ਰਾਹਮਨ ਭਗਤ ਨੇ ਭੀ ਕਰੀ ਹੈ । ਏਕ ਬ੍ਰਾਹਮਨ ਕਾ ਲੜਕਾ ਬਾਲਯ ਅਵਸਥਾ ਮੇਂ ਸੰਤੋਂ ਕੀ ਸੰਗਤ ਕਰਤਾ ਥਾ । ਸੰਤੋਂ ਕੇ ਪਾਸ ਜਾਯਾ ਕਰਤਾ ਥਾ । ਸੰਤੋਂ ਨੇ ਉਸ ਕੋ ਮਾਨਸੀ ਪੂਜਾ ਬਤਾਈ ਥੀ । ਉਹ ਨਦੀ ਕਿਨਾਰੇ ਬੈਠ ਕਰ ਰੋਜ਼ ਮਾਨਸੀ ਪੂਜਾ ਕਰਤਾ ਥਾ । ਉਸ ਕੇ ਘਰ ਕੇ ਭਾਈ, ਪਿਤਾ ਵਗੈਰਾ ਸਭ ਉਸ ਪ੍ਰ ਨਰਾਜ਼ ਰਹਿਤੇ ਥੇ । ਏਕ ਦਿਨ ਵਹੁ ਨਦੀ ਕਿਨਾਰੇ ਬੈਠ ਕਰ ਮਾਨਸੀ ਪੂਜਨ ਕਰ ਠਾਕਰ ਜੀ ਕੇ ਨਮਿਤ ਮਾਨਸੀ ਭੋਜਨ ਬਨਾ ਰਹਾ ਥਾ । ਇਤਨੇ ਮੇਂ ਉਸ ਕੇ ਬੜੇ ਭਾਈ ਉਸ ਕੋ ਢੂੰਢਤੇ-ਢੂੰਢਤੇ ਨਦੀ ਕਿਨਾਰੇ ਅਖੀਆਂ ਮੀਟੇ ਹੁਏ ਬੈਠੇ ਹੁਵੇ ਕੋ ਦੇਖਾ । ਤਬ ਕਰੋਧ ਮੇਂ ਆ ਕਰ ਜ਼ੋਰ ਸੇ ਉਸ ਕੇ ਕਮਰ ਮੇਂ ਲਾਤ ਮਾਰੀ । ਵਹੁ ਭਗਤ ਗਿਰ ਗਯਾ ਔਰ ਉਸ ਕੇ ਮੁਖ ਸੇ ਚਾਵਲ, ਦਾਲ ਔਰ ਅਨੇਕ ਪ੍ਰਕਾਰ ਕੇ ਭੋਜਨ ਗ੍ਰਮ ਗ੍ਰਮ ਹਵਾੜ ਨਾਲ ਬਾਹਰ ਨਿਕਲੇ । ਵਹਾਂ ਬਹੁਤ ਲੋਗ ਖੜੇ ਥੇ । ਉਨੋਂ ਨੇ ਗ੍ਰਮ ਗ੍ਰਮ

ਚਾਵਲ ਤਥਾ ਭੋਜਨ ਨਿਕਲਨੇ ਕਾ ਕਾਰਣ ਪੂਛਾ । ਵਹੁ ਕਹਿਨੇ ਲਗਾ, "ਮੈਂ ਠਾਕੁਰ ਜੀ ਨਮਿਤ ਮਾਨਸੀ ਭੋਜਨ ਰਸੋਈ ਬਨਾ ਰਹਾ ਥਾ । ਇਸ ਨੇ ਲਾਤ ਮਾਰੀ ਤੇ ਸਭ ਚੀਜ਼ਾਂ ਬਾਹਰ ਗਿਰ ਗਯਾਂ ।" ਲੋਕ ਦੇਖ ਕਰ ਹੈਰਾਨ ਹੋਏ ਔਰ ਉਸ ਕੇ ਭਾਈ ਕੋ ਕਹਿਨੇ ਲਗੇ, "ਤੁਮ ਇਸ ਕੋ ਯਹਾਂ ਭਗਤੀ ਕਰਨੇ ਦੋ । ਹਮ ਇਸ ਕੀ ਇਹਾਂ ਹੀ ਕੁਟੀਯਾ ਬਨਾ ਦੇਇੰਗੇ ਔਰ ਇਸ ਕਾ ਖਾਨ ਪਾਨ ਆਦਿ ਸਮਗ੍ਰੀ ਪਹੁੰਚਾ । ਇਨਕੋ ਘਰ ਕੇ ਕਾਮੋਂ ਕੋ ਮਤ ਲਗਾਉ ।" ਤਬ ਉਹ ਸਬੰਧੀ ਉਸ ਕੋ ਵਹਾਂ ਹੀ ਛੋੜ ਜਾਤੇ ਭਏ ਔਰ ਉਹ ਮਾਨਸੀ ਪੂਜਾ ਕਰਕੇ ਕਲਿਆਨ ਕੋ ਪ੍ਰਾਪਤ ਹੋਤਾ ਭਯਾ । ਇਸ ਪ੍ਰਕਾਰ ਬਾਹਯ ਅੰਤ੍ਰ ਭੇਦ ਸੇ ਪੂਜਨ ਭਗਤੀ ਦੋ ਪ੍ਰਕਾਰ ਕੀ ਕਹੀ ਹੈ ਅੰਤ੍ਰ ਪੂਜਾ ਮੇਂ।

ਸ੍ਰੀ ਰਾਮਾਨੰਦ ਜੀ

ਰਾਮਾਨੰਦ ਜੀ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਕਤ ਜਾਈਐ ਰੇ ਘਰ ਲਾਗੋ ਰੰਗੁ ॥ ਮੇਰਾ ਚਿਤੁ ਨ ਚਲੈ ਮਨੁ ਭਇਓ ਪੰਗੁ ॥ ੧ ॥ ਰਹਾਉ ॥ ਏਕ ਦਿਵਸ ਮਨ ਭਈ ਉਮੰਗ ॥ ਘਸਿ ਚੰਦਨ ਚੋਆ ਬਹੁ ਸੁਗੰਧ ॥ ਪੂਜਨ ਚਾਲੀ ਬ੍ਰਹਮ ਠਾਇ ॥ ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ ੧ ॥ ਜਹਾ ਜਾਈਐ ਤਹ ਜਲ ਖਾਨ ॥ ਤੂ ਪੂਰਿ ਰਹਿਓ ਹੈ ਸਭ ਸਮਾਨ ॥ ਬੇਦ ਪੁਰਾਨ ਸਭ ਦੇਖੇ ਜੋਇ ॥ ਊਹਾਂ ਤਉ ਜਾਈਐ ਜਉ ਈਹਾਂ ਨ ਹੋਇ ॥ ੨ ॥ ਸਤਿਗੁਰ ਮੈ ਬਲਿਹਾਰੀ ਤੋਰ ॥ ਜਨਿ ਕਲ ਬਿਕਲ ਭ੍ਰਮ ਕਾਟੇ ਮੋਰ ॥ ਰਾਮਾਨੰਦ ਸੁਆਮੀ ਰਮਤ ਬ੍ਰਹਮ ॥ ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ੩ ॥ ੧ ॥ [੧੧]

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥ [੧੨]

ਬਾਹਰਿ ਟੋਲੈ ਸੋ ਭਰਮਿ ਭੁਲਾਹੀ ॥
ਗੁਰ ਪਰਸਾਦੀ ਜਿਨੀ ਅੰਤਰਿ ਪਾਇਆ ਸੋ ਅੰਤਰਿ ਬਾਹਰਿ ਸੁਹੇਲਾ ਜੀਉ ॥ [੧੩]

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ ॥ [੧੪]

ਪ੍ਰਮਾਣ ਅਕਾਲ ਉਸਤਤ

ਜ਼ਿਮੀ ਜ਼ਮਾਨ ਕੇ ਬਿਖੈ ਸਮੱਸਤ ਏਕ ਜੋਤ ਹੈ ॥ ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ ॥ [੧੫]

---

[੧੧] ਰਾਗ ਬਸੰਤੁ, ਪੰਨਾ ੧੧੯੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੨] ਮਾਰੂ ਮਹਲਾ ੫, ਪੰਨਾ ੧੦੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੩] ਮਾਝ ਮਹਲਾ ੫, ਪੰਨਾ ੧੦੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੪] ਸੋਰਠਿ ਮਹਲਾ ੫ ਘਰੁ ੨ ਦੁਪਦੇ, ਪੰਨਾ ੬੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੧੫] ਸ੍ਰੀ ਅਕਾਲ ਉਸਤਤਿ, ਪੰਨਾ ੨੬, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਸੋ ਸਾਧ ਸੰਗਤ ਜੀਓ, ਇਸ ਤਰ੍ਹਾਂ ਦੇ ਗੁਰਬਾਣੀ ਦੇ ਪ੍ਰਮਾਨ ਅਨੇਕ ਹੀ ਹਨ। ਬਿਸਥਾਰ ਹੋਣ ਤੋਂ ਸੰਕੋਚ ਕੀਤਾ ਗਯਾ ਹੈ। ਏਹ ਅੰਤ੍ਰ ਦੀ ਪੂਜਾ ਅਨੇਕਾਂ ਨੇ ਕਰੀ ਹੈ। ਆਉ ਸਾਧ ਸੰਗਤ ਜੀਓ, ਹੁਣ ਆਪਾਂ ਬਾਹਰਲੀ ਮੁਖੀ ਪੂਜਾ ਦੀ ਖੋਜ ਕਰੀਏ। ਸ਼ੰਕਾਵਾਦੀ ਸਜਨ ਭੀ ਧਿਆਨ ਨਾਲ ਸ੍ਰਵਨ ਕਰਨ। ਪੰਜਵੀਂ ਆਚਰਨ ਪੂਜਨ ਰੂਪ ਭਗਤੀ : -

ਘਾਲ ਨ ਭਾਨੈ ਅੰਤਰ ਬਿਧਿ ਜਾਨੈ ਤਾ ਕੀ ਕਰਿ ਮਨ ਸੇਵਾ ॥ ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ॥ [੧੬]

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨ੍ ਬਿਧਿ ਸਾਹਿਬੁ ਰਵਤੁ ਰਹੈ ॥ [੧੭]

ਪੂਜਾ ਅਰਚਾ ਸੇਵਾ ਬੰਦਨ ਇਹੈ ਟਹਲ ਮੋਹਿ ਕਰਨਾ ॥
ਬਿਗਸੈ ਮਨੁ ਹੋਵੈ ਪਰਗਾਸਾ ਬਹੁਰਿ ਨ ਗਰਭੈ ਪਰਨਾ ॥ [੧੮]

ਬਰਤ ਨੇਮ ਤੀਰਥ ਸਹਿਤ ਗੰਗਾ ॥ ਜਲੁ ਹੇਵਤ ਭੂਖ ਅਰੁ ਨੰਗਾ ॥ ਪੂਜਾਚਾਰ ਕਰਤ ਮੇਲੰਗਾ ॥ ਚਕ੍ਰ ਕਰਮ ਤਿਲਕ ਖਾਟੰਗਾ ॥ ਦਰਸਨੁ ਭੇਟੇ ਬਿਨੁ ਸਤਸੰਗਾ ॥ [੧੯] ਕਾਨੜਾ ਮ: ੫

ਪੂਜਾ ਵਿਧਿ ਹੈ ਤੀਨ ਪ੍ਰਕਾਰ। ਵੈਦਕ ਤਾਂਤ੍ਰਕ ਸਿਸ੍ਰਤ ਧਾਰ। ਸੋ ਸਮਸਤ ਵਿਧਿ ਤੁਮਹਿ ਸੁਨਾਓ । ਜੀਵਨ ਕੋ ਕਲਿਆਨ ਉਪਾਓ। ਪ੍ਰਤਮਾਭੂਮ ਅਗਨ ਜਲ ਵਾਯੂ। ਦਿਵਜ ਅਰ ਆਪ ਅਰਕ ਗਾਯੂ। ਇਨ ਸਭਹਨ ਮੇਂ ਮੋਕੋ ਜਾਨੇ ਯਥਾਯੋਗ ਸਭ ਪੂਜਾ ਠਾਨੇ। ਗੁਰੂ ਅਰ ਮੋ ਮੇਂ ਭੇਦ ਨਾ ਰਾਖੇ। ਮਾਨੁਖ ਬੁਧੀ ਦੂਰ ਕਰ ਨਾਖੇ।

ਸੋ ਪੂਜਾ ਸੋਲਾਂ ਪ੍ਰਕਾਰ ਕੀ ਹੋਵੈ ਹੈ। ਪਤੀਬ੍ਰਤਾ ਇਸਤ੍ਰੀ ਪਤੀ ਕੀ ਪੂਜਾ ਕਰੈ। ਸ਼ਿਸ਼ ਗੁਰੂ ਕੀ ਪੂਜਾ ਕਰੈ ਔਰ ਭਗਤ ਇਸਵਰ ਕੀ ਪੂਜਾ ਕਰੈ। ਪਰ ਏਹ ਸਭ ਪੂਜਾ, ਏਹ ਸਮਗ੍ਰੀ ਸੇ ਕਰੇ। ਪਹਿਲੇ ਆਪ ਉਠਕਰ ਇਸ਼ਨਾਨ ਆਦਿਕ ਕਿਰਯਾ ਕਰਨੀ। ਫੇਰ ਸਭ ਸਮਗ੍ਰੀ ਪਾਸ ਲੇ ਬੈਠਨਾ। ਏਕਾਗ੍ਰ ਚਿਤ ਹੋ ਕੇ ਸੋਲਾਂ ਸਮਗ੍ਰੀ ਸੇ ਪੂਜਨ ਕਰਨਾ। ਇਸਤ੍ਰੀ ਅਪਨੇ ਪਤੀ ਕੀ ਪੂਜਾ ਕਰੈ। ਸ਼ਿਸ ਗੁਰੂ ਕੇ ਪਾਸ ਜਾਵੈ ਔਰ ਭਗਤ ਈਸ਼ਵਰ ਕੀ ਪੂਜਾ ਕਰੇ। ਪਹਿਲੇ ਆਵਾਹਨ ਕਰੇ ਯਾਨੇ ਉਸਤਤੀ ਕਰੇ। ਸੋ ਪੂਜਾ ਸੋਲਾਂ ਪ੍ਰਕਾਰ ਕੀ ਹੈ।

---

[੧੬] ਸੋਰਠਿ ਮ. ੫, ਪੰਨਾ ੬੧੪, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੭] ਰਾਗੁ ਸੂਹੀ ਮਹਲਾ ੧ ਚਉਪਦੇ ਘਰੁ ੧, ਪੰਨਾ ੭੨੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੮] ਦੇਵਗੰਧਾਰੀ ੫, ਪੰਨਾ ੫੩੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੧੯] ਕਾਨੜਾ ਮਹਲਾ ੫, ਪੰਨਾ ੧੩੦੫, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

## ਅਵਾਹਨ

੧). ਸਵੇਰੇ ਉਠ ਕੇ ਅਪਨੇ ਸੁਵਾਮੀ ਕੋ ਉਠਾਨਾ, ਪ੍ਰਨਾਮ ਕਰਨਾ ਔਰ ਸਲੋਕੋਂ ਮੇਂ ਉਸਤਤੀ ਕਰਨੀ ।
੨). ਆਸਨ ਝਾੜੂ, ਲੇਪਨ ਆਦਿਕ ਪ੍ਰੇਮ ਸੇ ਕਰਕੇ ਸਿੰਘਾਸਨ ਵਿਛਾਨਾ ।
੩). ਪਾਦਯ, ਚਰਨ, ਧੋ ਕੇ ਕਿਸੇ ਕਪੜੇ ਨਾਲ ਸਾਫ਼ ਕਰਨਾ ।
੪). ਅਰਘ, ਹਾਥ ਮੂੰਹ ਧੁਲਨਾ ।
੫). ਆਚਮਨ, ਦਾਤਨ-ਕੁਰਲਾ ਕਰਨਾ ।
੬). ਇਸ਼ਨਾਨ, ਸਨਾਨ ਕਰਾ ਕਰ ਕਪੜੇ ਨਾਲ ਸ੍ਰੀਰ ਪੂੰਝਨਾ ਤਥਾ ਮੰਦ੍ਰ ਕੋ ਇਸ਼ਨਾਨ ਕਰਾ ਕਰ ਪੋਚਨਾ ।
੭). ਬਸਤ੍ਰ-ਭੂਸ਼ਨ, ਵਸਤ੍ਰ ਅੰਗਾਂ ਮੇਂ ਪਹਿਰਾਵਨੇ ।
੮). ਸ਼ਸ਼ਤ੍ਰ ਪਹਿਰਾਨੇ, ਸ੍ਰੀ ਸਾਹਿਬ, ਧਨਕ, ਬਾਨ ਆਦਿਕ ।
੯). ਸੁਗੰਧ, ਚੰਦਨ, ਕੇਸਰ, ਕਸਤੂਰੀ, ਗੋਰੋਚਨ, ਕਪੂਰ, ਅਤਰ, ਐਸੀ ਸੁਗੰਧੀ ਵਾਲੀ ਚੀਜ਼ੇਂ ਲਗਾਨੀਆਂ ।
੧੦). ਪੁਸ਼ਪ, ਫੂਲ, ਮੁਕਤਾਦਿਕੋਂ ਵਿਚ ਗੁੰਪਨੇ ਔਰ ਮਾਲਾ ਫੂਲਾਂ ਦੀਆਂ ਪਹਿਰਾਵਨੀਆਂ ।
੧੧). ਧੂਪ, ਅਗ੍ਰ, ਚੰਦਨ ਆਦਿਕ ਸੁਗੰਧਿਤ ਚੀਜ਼ੋਂ ਕਾ ਧੂਪ ਦੇਨਾ ।
੧੨). ਦੀਪ, ਘੀ ਆਦਿ ਕਾ ਦੀਵਾ ਜਗਾ ਕੇ ਆਰਤੀ ਕਰਨੀ ।
੧੩). ਸਭ ਪ੍ਰਕਾਰ ਕੇ ਭੋਜਨ ਛਕਾਨੇ, ਆਚਮਨ ਕਰਾਨਾ । ਜਲ ਪਿਲਾਨਾ, ਚੁਲਾ ਕਰਾਨਾ, ਹਥ ਧੁਲਾ ਕੇ ਪੋਛਣੇ, ਪਾਨ ਆਦਿਕ ਛਕਾਨਾ ।
੧੪). ਦਖਣਾ, ਯਥਾ ਸ਼ਕਤੀ ਮਾਇਆ ਆਦਿਕ ਦੀ ਭੇਟਾ ਚੜ੍ਹਾਵਨੀ ।
੧੫). ਨਿਰਾਜਨ ਆਰਤੀ ਕਰਨੀ, ਪ੍ਰਦਖਨਾ ਕਰਨੀ । ਅਪਨੇ ਆਪ ਕੋ ਕੁਰਬਾਨ ਕਰਨਾ । ਇਸਤੋਤ੍ਰ ਪੜ੍ਹਨੇ, ਫੂਲ ਬਰਸਾਨੇ ਆਦਿਕ ।
੧੬). ਬਿਰਾਜਮਾਨ ਕਰਨਾ, ਪਲੰਘ ਤੇ ਸੇਜਾ ਵਿਛਾਨੀ । ਸੁਗੰਧਤ ਚੀਜ਼ਾਂ ਕੋਲ ਰਖਨੀਆਂ ਤੇ ਚਰਨ ਦਬਾਨੇ ।

ਸੋ ਸਾਧ ਸੰਗਤ ਜੀਓ, ਏਹ ਬਾਹਰ ਮੁਖੀ ਪੂਜਾ ਹੈ । ਸ਼ਾਸਤ੍ਰਕਾਰਾਂ ਨੇ ੧੬ ਸੋਲਾਂ ਪ੍ਰਕਾਰ ਕੀ ਪੂਜਾ ਲਿਖੀ ਹੈ । ਬਿਧੀ ਪੂਰਵਕ ਪੂਜਾ ਕੀਤੀ ਹੁਈ ਸਫਲ ਹੁੰਦੀ ਹੈ । ਜਿਸ ਤਰ੍ਹਾਂ ਅਖੰਡ ਪਾਠ ਕਰਦੀਆਂ ਕੋਈ ਬਿਘਨ ਪੈ ਜਾਏ, ਜੋਤ ਬੁਝ ਜਾਇ, ਪਾਠੀਯਾ ਸੌਂ ਜਾਏ, ਯਾ ਉਠ ਜਾਏ, ਤਾਂ ਪਾਠ ਖੰਡਤ ਗਿਨਯਾ ਜਾਂਦਾ ਹੈ । ਇਸੀਤਰ੍ਹਾਂ ਸੋਲਾਂ ਪ੍ਰਕਾਰ ਪੂਜਾ ਵਿਚੋਂ ਏਕ ਭੀ ਰਹਿ ਜਾਇ, ਪੂਜਾ ਖੰਡਤ ਗਿਨੀ ਜਾਏਗੀ । ਪੂਜਾ ਮੇਂ ਅੰਮ੍ਰੀਕ ਭਗਤ ਹੁਵੈ ਹੈਂ, ਜਿਨੋਂ ਕਾ ਪੂਜਾ ਮੇਂ ਅਤਿਯੰਤ ਪ੍ਰੇਮ-ਭਾਉ, ਸ਼੍ਰਧਾ, ਭਗਤੀ ਥੀ । ਅੰਮ੍ਰੀਕ ਦੇ ਬਾਰੇ ਭਾਈ ਗੁਰਦਾਸ ਜੀ ਅਪਨੀ ਬਾਣੀ ਵਿਚ ਦਸਵੀਂ ਵਾਰ ਵਿਚ ਇਸਤਰ੍ਹਾਂ ਫ਼ੁਰਮਾਂਦੇ ਹਨ : -

ਅੰਬਰੀਕ ਮੁਹਿ ਵਰਤੁ ਹੈ ਰਾਤਿ ਪਈ ਦੁਰਬਾਸਾ ਆਇਆ ।
ਭੀੜਾ ਓਸੁ ਉਪਾਰਣਾ ਓਹੁ ਉਠਿ ਨ੍ਹਾਵਣ ਨਦੀ ਸਿਧਾਇਆ ।
ਚਰਣੋਦਕੁ ਲੈ ਪੋਖਿਆ ਓਹੁ ਸਰਾਪ ਦੇਣ ਨੋ ਧਾਇਆ ।

ਚਕ੍ਰ ਸੁਦਰਸਨੁ ਕਾਲ ਰੂਪ ਹੋਇ ਭੀਹਾਵਲੁ ਗਰਬੁ ਗਵਾਇਆ ।[20]

ਸੋ ਸਾਧ ਸੰਗਤ ਜੀਓ, ਅੰਮ੍ਰੀਕ ਭਗਤ ਦਾ ਪੂਜਾ ਵਿਚ ਇਤਨਾ ਪ੍ਰੇਮ ਹੋਇਗਾ ਕਿ ਰਾਜ ਕਾਜ ਦੇ ਕੰਮ ਸਾਰੇ ਭੁਲਾ ਦਿਤੇ ਸੀ । ਜਿਸ ਤੇ ਭਗਵਾਨ ਸੁਦਰਸ਼ਨ ਚਕਰ ਨੂੰ ਕੀਤੀ ਕਿ ਰਾਜਾ ਮੇਰੀ ਪੂਜਾ ਵਿਚ ਮਗਨ ਹੈ, ਤੋ ਉਸ ਦੇ ਰਾਜ ਦਾ ਔਰ ਉਸ ਦਾ ਪਹਰ ਦੇਉ । ਜਦ ਦੁਰਬਾਸਾ ਮੁਨੀ ਨੇ ਕਰੋਧ ਮੇਂ ਆ ਕੇ ਰਾਜੇ ਪਿਛੇ ਦੇਵੜੀ ਜੋਗ ਅਗਨੀ ਪ੍ਰਗਟ ਕਰਕੇ ਰਾਜ ਦਰਬਾਰ, ਰਾਜ ਮਹਿਲਾਂ ਨੂੰ ਜਲਾਵਨ ਲਗਾ, ਭਸਮ ਕਰਨ ਨੂੰ ਦੁਰਬਾਸਾ ਮੁਨੀ ਕਿਥੇ ਕਿਥੇ ਜਾਨ ਬਚਾਵਨ ਵਾਸਤੇ ਗਿਆ ਔਰ ਸੁਦ੍ਰਸ਼ਨ ਚਕਰ ਉਸ ਦੇ ਪਿਛੇ ਹੀ ਪਹੁੰਚਦਾ ਗਿਆ । ਇਤਹਾਸ ਵਿਚ ਇਸਤਰ੍ਹਾਂ ਜ਼ਿਕਰ ਆਯਾ ਹੈ : -

ਸਿਵ ਕਹਿ ਨਿਕਰਹੁ ਨਿਕਰਹੁ ਇਤਤੇ । ਜਾਓ ਜਾਓ ਆਇਓ ਮੁਨੀ ਜਿਤਤੇ ।
ਰਖਿਯਾ ਕਰਨ ਮੋਰ ਗਤਿ ਨਾਹੀ । ਸਾਧ ਵਿਰੁਧ ਕੁਸਲ ਕਹੁ ਕਾਹੀ ।
ਯਾ ਕੈਲਾਸ਼ ਭਸਮ ਹੁਵੈ ਜੈ ਹੈ । ਗਣਨ ਸਹਿਤ ਮੋਹ ਚਕਰ ਜਰੇ ਹੈ ।
ਤਬ ਮੁਨਿ ਕਰਯੋ ਬਹੁਤ ਸਿਰਨਾਈ । ਨਹਿ ਰਖ ਸਹਿ ਤੋ ਕਰਹੁ ਉਪਾਈ ।
ਕਹਿਯੋ ਸ਼ੰਭੂ ਵੈਕੁੰਠਹਿ ਜਾਹੁ । ਰਖ ਸਨ ਕਰੀ ਰਮਾ ਕਰ ਨਾਹੁ ।
ਸ਼ੰਭੂ ਵਚਨ ਸੁਣਿ ਡਰਯੋ ਮੁਨੀਸਾ । ਗਯੋ ਵੈਕੁੰਠ ਜਹਾਂ ਜਗਦੀਸਾ ।
ਗਿਰਯੋ ਪਾਹਿ ਨਹ ਚਰਵਨ ਮੂਲਾ । ਹੋਹੁ ਨਾਥ ਮੋ ਪੁਰ ਅਨਕੂਲਾ ।
ਦੋਹਾ ।
ਮੈਂ ਜਾਨਯੋ ਨਹਿ ਗਵਰੇ ਦਾ ਸਨਕੋ ਪ੍ਰਭਾਵ । ਤਾਤੇ ਅਬ ਨਾਹਿ ਦੇਖਯਤ ਅਪਨੋ ਕਹੂੰ ਬਚਾਵ ।

ਇਸ ਪ੍ਰਕਾਰ ਵੋਹ ਦੁਰਬਾਸਾ ਮੁਨੀ ਸ਼ਿਵ ਜੀ ਪਾਸ ਸੇ ਵਿਸ਼ਨੂੰ ਜੀ ਪਾਸ ਗਯਾ । ਉਨੋਂ ਨੇ ਭੀ ਜਵਾਬ ਦੀਆ । ਕਹਾ, "ਮੈਂ ਭਗਤ ਕੇ ਵਸ ਹੂੰ । ਜਾ ਕੇ ਭਗਤ ਕੋ ਪ੍ਰਸੰਨ ਕਰੋ । ਤਬ ਸੁਦਰਸ਼ਨ ਚਕਰ ਹਟੇਗਾ ।" ਤਬ ਮੁਨੀ ਜਾ ਕੇ ਭਗਤ ਅੰਮ੍ਰੀਕ ਕੋ ਪ੍ਰਸੰਨ ਕਰਤਾ ਭਯਾ । ਏਹ ਸਾਰੀ ਕਥਾ ਭਗਤ ਮਾਲ ਮੇਂ ਲਿਖੀ ਹੈ ।

ਇਸੀ ਪ੍ਰਕਾਰ ਨਾਮ ਦੇਵ ਜੀ ਨੇ ਪਹਿਲੇ ਬਹੁਤ ਬ੍ਰਸੋਂ ਤਕ ਸਰਗੁਨ ਪ੍ਰਮੇਸ਼੍ਰ ਕੀ ਪੂਜਾ ਕਰੀ ਤਥਾ ਰਵਿਦਾਸ ਆਦਿ ਭਗਤੋਂ ਨੇ ਕਰੀ ਹੈ । ਬਾਹਰ ਪੂਜਾ ਕਹਿ ਕਰ ਅਬ ਅੰਤਰੀਜ ਮਾਨਸੀ ਪੂਜਾ ਕਹਿਤੇ ਹੈਂ, ਯਾਨੇ ਸਰਗੁਨ ਬ੍ਰਹਮ ਦੀ ਪੂਜਾ ਕਹਿ ਕਰ ਅਬ ਨਿਰਗੁਨ ਬ੍ਰਹਮ ਦੀ ਪੂਜਾ ਕਹਿਤੇ ਹੈਂ : -

ਪ੍ਰਮਾਨ

---

[20] ਪਉੜੀ ੪, ਵਾਰ ੧੦, ਭਾਈ ਸਾਹਿਬ ਗੁਰਦਾਸ ਜੀ ।

## ਰਹਿਰਾਸ ਦੇ ਪਾਠ ਦਾ ਵੇਰਵਾ

ਮਾਨਯੋਗ ਸਾਧ ਸੰਗਤ ਜੀਓ, ਦੋ ਪ੍ਰਕਾਰ ਕੀ ਪੂਜਾ ਅੰਤ੍ਰ ਕੀ ਪੂਜਾ ਔਰ ਬਾਹਰ ਕੀ ਪੂਜਾ। ਇਸ ਦਾ ਜਿਤਨਾ ਭੀ ਵਿਸਥਾਰ ਕੀਏ, ਹੁੰਦਾ ਜਾਏਗਾ। ਇਥੇ ਪ੍ਰਸੰਗ ਬੜਾ ਹੋਨੇ ਤੋ ਟੂਕ ਮਾਤ੍ਰ ਦ੍ਰਸਾਯਾ ਗਿਆ ਹੈ। ਆਓ ਸਾਧ ਸੰਗਤ ਜੀਓ, ਅਪਨੇ ਤੋਰੇ ਹੋਇ ਟਰੈਕਟ ਦੇ ਪ੍ਰਸੰਗ ਮ੍ਰਿਜਾਦਾ ਮ੍ਰਿਜਾਦਾ ਬਾਬਤ ਤੋਰੇ ਹੋਏ ਵਲ ਆਈਏ, ਤਾਂ ਕੇ ਸ਼ੰਕਾਵਾਦੀ ਸਜਨ ਕਹੇਂ ਨਾ ਕਿ ਅਸੀਂ ਮ੍ਰਿਜਾਦਾ ਬਾਰੇ ਪੂਛਦੇ ਹਾਂ ਤੇ ਸਾਨੂੰ ਹੋਰ ਹੀ ਪ੍ਰਸੰਗ ਸੁਨਾਂਵਦੇ ਹਨ। ਆਓ ਭਾਈ ਸ਼ੰਕਾਵਾਦੀਓ, ਦਸੋ ਹੁਨ ਤੁਹਾਡਾ ਕੀ ਸੰਸਾ ਹੈ ? ਸ਼ੰਕਾਵਾਦੀ : ਸਾਨੂੰ ਰਹਿਰਾਸ ਦੇ ਮਤਲਬ ਦਸੋ ਕਿ ਇਥੇ ਇਤਨੀ ਬੜੀ ਰਹਿਰਾਸ ਪੜੀ ਜਾਂਦੀ ਹੈ। ਇਸਦਾ ਕਾਰਨ ਹੈ। ਸੁਣੋ ਭਾਈ ਸ਼ੰਕਾਵਾਦੀ ਸਜਨੋ, ਏਹੀ ਪ੍ਰਸ਼ਨ ਬਾਬਾ ਸੰਤ ਜੀ ਮਹਾਰਾਜ ਜੀ ਬਾਬੇ ਖੜਗ ਸਿੰਗ ਜੀ ਪਾਸ ਉਨ੍ਹਾਂ ਦੇ ਸੇਵਕ ਨੇ ਕੀਤਾ ਸੀ ਰਹਿਰਾਸ ਬਾਰੇ, ਤਾਂ ਸੰਤ ਮਹਾਰਾਜ ਜੀ ਨੇ ਇਉਂ ਫ਼ੁਰਮਾਯਾ ਸੀ : -

ਸੇਵਾਦਾਰ ਵਲੋਂ ਪ੍ਰਸ਼ਨ : - ਫੇਰ ਬੇਨਤੀ ਕੀਤੀ ਕਿ ਮਹਾਰਾਜ ਸਿੰਘ ਸਾਹਿਬ ਜੀ, ਏਕ ਤਾਂ ਗੁਰਮਤ ਅਨੁਸਾਰ ਰਹਿਰਾਸ ਦੇ ਮੁਕੰਮਲ ਪਾਠ ਕਰਨੇ ਦੀ ਮ੍ਰਿਜਾਦਾ ਦਸੋ ਕਿ ਕਿਥੋਂ ਸ਼ੁਰੂ ਹੋ ਕੇ ਕਿਥੇ ਸਮਾਪਤੀ ਹੁੰਦੀ ਹੈ, ਕਿਉਂਕਿ ਅਜ ਕਲ ਕਈ ਗੁਰਸਿਖ ਸੋਸਾਈਟੀਆਂ ਵਲੋਂ ਰਹਿਰਾਸ ਦੀਆਂ ਚੌਪਈ ਦੇ ਪਾਠ ਵਿਚ ਕੁਛ-ਕੁ ਮਤਭੇਦ ਹੋ ਗਯਾ ਹੈ। ਇਸ ਲਈ ਗੁਰੂ ਪੰਥ ਜੀ ਦੀ ਭਲਾਈ ਔਰ ਸਚਾਈ ਲਈ ਸਹੀ ਪਾਠ ਦਸਨ ਦੀ ਕ੍ਰਿਪਾਲਤਾ ਕਰੋ। ਜਿਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸਸੇ ਅਖਰ ਤੋਂ ਸ੍ਰੀ ਗੁਰੂ ਗ੍ਰਿੰਥ ਸਾਹਿਬ ਜੀ ਨੂੰ ਸਤਿਨਾਮੁ ਤੋਂ ਆਰੰਭ ਕਰ ਕੇ ਸਸੇ ਅਖਰ ਤੇ 'ਦਸ ਬੀਸ' [੨੧] ਤੇ ਸਮਾਪਤੀ ਕੀਤੀ ਹੈ, ਤੈਸੇ ਹੀ ਰਹਿਰਾਸ ਜੀ ਦਾ ਪਾਠ ਹਾਹੇ ਅਖਰ 'ਹਰਿ ਜੁਗੁ ਜੁਗੁ'[੨੨] ਤੋਂ ਆਰੰਭ ਕਰ ਕੇ ਹਾਹੇ ਤੇ ਹੀ 'ਸਗਲੇ ਦੂਖ ਜਾਹਿ'[੨੩] ਸਮਾਪਤ ਕੀਤਾ ਹੈ। ਜਿਸ ਦੇ ਵਿਚ ੧੧ ਸਬਦ, ਪੰਜ ਚੌਪਈਆਂ ਔਰ ਮੁੰਦਾਵਣੀ [੨੪], ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'[੨੫], ਅਗੇ ਪਉੜੀ 'ਤਿਥੈ ਤੂ ਸਮਰਥੁ[੨੬]' ਵਾਲੀ, ਅਗੇ ਸਲੋਕ ਮਹਲਾ ੫ 'ਅੰਤਰਿ ਗੁਰੁ ਆਰਾਧਣਾ'[੨੭], ਇਸ ਤੋਂ ਅਗੇ ਮ: ੫ 'ਰਖੇ ਰਖਣਹਾਰਿ'[੨੮] ਤੇ ਸਮਾਪਤੀ ਹੁੰਦੀ ਹੈ।

---

[੨੧] ਸ੍ਰੀ ਰਾਗਮਾਲਾ, ਪੰਨਾ ੧੪੩੦, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੨] ਆਸਾ ਮਹਲਾ ੪, ਪੰਨਾ ੪੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੩] ਰਾਗੁ ਗੂਜਰੀ ਵਾਰ ਮਹਲਾ ੫, ਸਲੋਕ, ਪੰਨਾ ੫੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੪] ਪੰਨਾ ੧੪੨੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੫] ਪੰਨਾ ੧੪੨੯, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੬] ਰਾਮਕਲੀ ਕੀ ਵਾਰ ਮਹਲਾ ੫, ਪੰਨਾ ੯੬੨, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੭] ਰਾਗੁ ਗੂਜਰੀ ਵਾਰ ਮਹਲਾ ੫, ਪੰਨਾ ੫੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।
[੨੮] ਰਾਗੁ ਗੂਜਰੀ ਵਾਰ ਮਹਲਾ ੫, ਪੰਨਾ ੫੧੭, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਪਾਠ ਪੁਰਾਤਨ ਪੰਜ ਗ੍ਰਿੰਥੀ ਵਾਲਾ ਹੀ ਕਰਨਾ ਯੋਗ ਹੈ । ਇਸ ਸਭ ਮੈਂ ਮਹਾਪੁਰਖਾਂ ਜੀ ਦੀ ਰਸਨਾ ਤੋਂ ਸੁਣੇ ਬਚਨ ਲਿਖੇ ਹਨ, ਜਿਸ ਨੂੰ ਦਸ਼ਮੇਸ਼ ਗੁਰੂ ਜੀ ਤੋਂ ਲੈ ਕੇ ਹਮੇਸ਼ਾ ਲਈ ਗੁਰੂਸਿਖੀ ਦੀ ਰਹਿਣੀ ਕਰਨੀ ਦੇ ਪੂਰੇ ਸੂਰੇ ਤਤਬੇਤਾ ਬ੍ਰਹਮ ਗਿਆਨੀ ਗੁਰਸਿਖ ਪਾਠ ਕਰਦੇ ਆਏ ਹਨ, ਕਿਉਂਕਿ ਰਹਿਰਾਸ ਦਾ ਅਖਰ ਅਖਰ ਗੁਰਮਤ ਦਾ ਸੰਬੋਧਨ ਕਰਦਾ ਹੈ । ਜੈਸੇ ਚੌਪਈ ਦੇ ਆਦਿ ਵਿਚ ਹੀ ਅਕਾਲ ਪੁਰਖ ਨੂੰ

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ॥ ਜਪੁ ॥ [੨੯]

ਸ੍ਰੀ ਅਸਕੇਤ ਦੇ ਬਚਨ ਵਾਲਾ ਕਥਨ ਕੀਤਾ ਹੈ ।
੨). ਸ੍ਰੀ ਅਸਧੁਜ ਜੂ ਕਰਿਯਹੁ ਰੱਛਾ ॥ [੩੦]
੩). ਜੇ ਅਸਿਧੁਜ ਤਵ ਸ਼ਰਨੀ ਪਰੇ ॥ [੩੧]
੪). ਖੜਗ ਕੇਤ ਮੈ ਸ਼ਰਨਿ ਤਿਹਾਰੀ ॥ [੩੨]
੫). ਸ੍ਰੀ ਅਸਿਧੁਜ ਜਬ ਭਏ ਦਯਾਲਾ ॥ ਪੂਰਨ ਕਰਾ ਗ੍ਰੰਥ ਤਤਕਾਲਾ ॥ [੩੩]

ਸੋ ਜਿਸ ਅਕਾਲ ਪੁਰਖ ਜੀ ਨੂੰ ਗੁਰੂ ਜੀ ਨੇ ਸ਼ਸ਼ਤ੍ਰ ਦੇ ਚਿੰਨ੍ਹ ਬਾਨਾ ਨਿਤਨੇਮ, ਗੁਰਬਾਣੀ ਰਹਿਰਾਸ ਦੇ ਪਾਠ ਵਿਚ ਪੰਜ ਵਾਰੀ ਕਥਨ ਕਰਕੇ ਪੜਨ ਸੁਨਿਣ ਵਾਲੀਆਂ ਦਾ ਸਹਾਇਕ ਦਸੀਆ ਹੈ, ਤਿਸ ਸਰੂਪ ਹੀ ਗੁਰੂ ਖ਼ਾਲਸਾ ਪ੍ਰਗਟ ਕੀਤਾ ਹੈ, ਜਿਹੜਾ ਕਿਸੇ ਵੀ ਦੇਸ ਭੇਸ ਵਿਚ ਨਾ ਛਪੇ । ਫੇਰ ਇਸ ਚੌਪਈ ਦੇ ਪੜਨ ਸੁਨਣਿ ਦਾ ਮਹਾਤਮ ਭੀ ਈਉਂ ਦਸਿਆ ਹੈ : -

ਅੜਿਲ ॥
ਸੁਨੈ ਗੁੰਗ ਜੋ ਯਾਹਿ ਸੁ ਰਸਨਾ ਪਾਵਈ ॥ ਸੁਨੈ ਮੂੜ੍ਹ ਚਿਤ ਲਾਇ ਚਤੁਰਤਾ ਆਵਈ ॥
ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ ॥ ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ ॥ [੩੪]

ਫੇਰ ਗੁਰੂ ਜੀ ਨੇ ਕਿਸੇ ਸਮੇਂ ਦੇ ਭਵਿਖਤ ਨੂੰ ਜਾਨ ਕੇ ਅਪਨੇ ਪਿਆਰੇ ਗੁਰਸਿਖਾਂ ਨੂੰ ਭੁਲੇਖੇ ਤੋਂ ਬਚੌਨ ਲਈ ਅਗਲੀ ਚੌਪਈ ਦੁਆਰੇ ਸਪਸ਼ਟ ਹੀ ਇਉਂ ਦਸੀਆ ਹੈ : -

ਚੌਪਈ ॥

---

[੨੯] ਪੰਨਾ ੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ।
[੩੦] ਪਖ੍ਯਾਨ ਚਰਿਤ੍ਰ, ਪੰਨਾ ੧੩੮੬, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੧] ਪਖ੍ਯਾਨ ਚਰਿਤ੍ਰ, ਪੰਨਾ ੧੩੮੭, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੨] ਪਖ੍ਯਾਨ ਚਰਿਤ੍ਰ, ਪੰਨਾ ੧੩੮੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੩] ਪਖ੍ਯਾਨ ਚਰਿਤ੍ਰ, ਪੰਨਾ ੧੩੮੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੪] ਪਖ੍ਯਾਨ ਚਰਿਤ੍ਰ, ਪੰਨਾ ੧੩੮੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਸੰਬਤ ਸੱਤ੍ਰਹ ਸਹਸ ਭਣਿੱਜੈ ॥ ਅਰਧ ਸਹਸ ਫੁਨਿ ਤੀਨਿ ਕਹਿੱਜੈ ॥
ਭਾਦ੍ਰਵ ਸੁਦੀ ਅਸ਼ਟਮੀ ਰਵਿਵਾਰਾ ॥ ਤੀਰ ਸਤੁੱਦ੍ਰਵ ਗ੍ਰੰਥ ਸੁਧਾਰਾ ॥ [੩੫]

ਏਦੂ ਅਗਲੀ ਚੌਪਈ ਅਪਨੇ ਖ਼ਾਲਸੇ ਨੂੰ ਇਕ ਅਕਾਲ ਪੁਰਖ ਤੋਂ ਬਿਨ੍ਹਾਂ ਹੋਰ ਕਿਸੇ ਦੇਵੀ ਦੇਵਤੇ ਦੀ ਉਪਾਸਨਾ ਕਰਨ ਤੋਂ ਹਟਾਉਣ ਲਈ ਇਉਂ ਦਸੀਆ ਹੈ : -

ਚੌਪਈ ॥
ਮੈ ਨ ਗਨੇਸ਼ਹਿ ਪ੍ਰਿਥਮ ਮਨਾਊਂ ॥ ਕਿਸ਼ਨ ਬਿਸ਼ਨ ਕਬਹੂੰ ਨਹ ਧਿਆਊਂ ॥
ਕਾਨ ਸੁਨੇ ਪਹਿਚਾਨ ਨ ਤਿਨ ਸੋਂ ॥ ਲਿਵ ਲਾਗੀ ਮੋਰੀ ਪਗ ਇਨ ਸੋਂ ॥ ੪੩੪ ॥
ਮਹਾਕਾਲ ਰਖਵਾਰ ਹਮਾਰੋ ॥ ਮਹਾਲੋਹ ਮੈਂ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥ ਬਾਹਿ ਗਹੇ ਕੀ ਲਾਜ ਬੀਚਾਰ ॥ ੪੩੫ ॥ [੩੬]

ਅਗੇ ਜਿਸ ਦੇ ਆਸਰੇ ਖ਼ਾਲਸਾ ਪੰਥ ਨੇ ਸਦਾ ਵਧਨਾ ਫੂਲਣਾ ਹੈ, ਤਿਸਨੂੰ ਹਰ ਇਕ ਸਿਖ ਦੀ ਰਸਨਾ ਦੁਆਰੇ ਇਉਂ ਮੰਗ ਕੀਤੀ ਹੈ : -

ਦੇਗ ਤੇਗ ਜਗ ਮੈ ਦੋਊ ਚਲੈ ॥ ਰਾਖ ਆਪ ਮੁਹਿ ਅਉਰੁ ਨ ਦਲੈ ॥ [੩੭]

ਸੋ ਏਸ ਤਰ੍ਹਾਂ ਸਾਰੀਆਂ ਚੌਪਈ, ਦੋਹਰੀਆਂ, ਸਵੈਯਾ ਆਦਿ 'ਸਗਲੇ ਦੂਖ ਜਾਹਿ' ਤਕ ਪਾਠ ਗੁਰਮਤ ਤੇ ਪੂਰਾ ਭਰੋਸਾ ਕਰਾਉਣ ਦਾ ਉਪਦੇਸ਼ ਦਿਤਾ ਹੈ, ਜਿਸ ਦੀਆਂ ਸਾਡੇ ਪਿਛਲੇ ਸਾਰੇ ਬੁਜ਼ੁਰਗ ਤਤਬੇਤੇ ਬ੍ਰਹਮਗਿਆਨੀ ਉਚ ਜੀਵਨ ਵਾਲੇ ਪੂਰਨ ਗੁਰ ਸਿਖ ਗੁਰੂ ਜੀ ਦੀ ਹਜ਼ੂਰੀ ਵਿਚ ਰਹਿਨ ਵਾਲੇ ਪੰਜ ਪਿਆਰੇ, ਬਾਬਾ ਦਯਾ ਸਿੰਘ ਸਿੰਘ ਜੀ ਆਦਿ, ਭਾਈ ਮਨੀ ਸਿੰਘ ਜੀ, ਬਾਬਾ ਦੀਪ ਸਿੰਘ ਜੀ, ਬਾਬਾ ਫੂਲਾ ਸਿੰਘ ਨਿਹੰਗ ਸਿੰਘ ਜੀ, ਬਾਬਾ ਨੈਨਾ ਸਿੰਘ ਜੀ ਆਦਿ ਬੁਢਾ ਦਲ, ਜੋ ਬਾਰ੍ਹਾਂ ਮਿਸਲਾਂ ਦੇ ਸਮੇਤ ਹੁਣ ਤਕ ਮੌਜੂਦ ਹੈ, ਸ੍ਰੀ ਕੇਸਗੜ੍ਹ ਤਖ਼ਤ ਦੇ ਪ੍ਰਬੰਧਕ ਸੋਢੀ ਸਾਹਿਬ ਬਾਬੇ ਸੋਭਾ ਸਿੰਘ ਜੀ ਪ੍ਰਉਪਕਾਰੀ ਸ੍ਰੀਮਾਨ ਬਾਬਾ ਸੰਪੂਰਨ ਸਿੰਘ ਜੀ ਪਟਨੇ ਸਾਹਿਬ ਦੇ ਤਖ਼ਤ ਦੇ ਪ੍ਰਬੰਧਕ ਬਾਬਾ ਸੁਮੇਰ ਸਿੰਘ ਜੀ, ਸਚਖੰਡ ਸ੍ਰੀ ਹਜ਼ੂਰ ਸਾਹਿਬ ਤਖ਼ਤ ਦੇ ਸੇਵਾਦਾਰ ਬਾਬਾ ਮਾਨ ਸਿੰਘ ਜੀ ਪੁਜਾਰੀ ਅਤੇ ਜਿਥੇ ਗੁਰੂ ਦਸ਼ਮੇਸ਼ ਜੀ ਨੇ ਸਾਬੋ ਕੀ ਤਿਲਵੰਡੀ ਵਿਖੇ ਤੰਬੂ ਵਿਚ ਗੁਰਬਾਣੀ ਉਚਾਰੀ ਔਰ ਲਿਖੀ, ਤਿਸ ਅਸਥਾਨ ਦਾ ਨਾਮ ਤਖ਼ਤ ਦਮਦਮਾ ਸਾਹਿਬ ਦਸਿਆ, ਜੋ ਗੁਰ ਤੀਰਥ ਸੰਗ੍ਰਹਿ ਕਰਤਾ ਸ੍ਰੀਮਾਨ ਪੰਡਤ ਤਾਰਾ ਸਿੰਘ ਜੀ ਨਿਰੋਤਮ ਜੀ ਨੇ ਸੰਮਤ ਬ੍ਰਿਕਮੀ ੧੯੪੧ ਵਿਚ ਪਥ੍ਰ ਦੇ ਛਾਪੇ ਵਿਚ ਛਪਿਆ, ਤਿਸ ਦੇ ੧੫੫ ਸਫ਼ੇ ਤੇ ਭੀ ਤਖ਼ਤ ਦਮਦਮਾ ਸਾਹਿਬ ਛਪਿਆ ਹੈ । ਬਾਕੀ ਬੁੰਗੀਆਂ ਦੀ ਬਸਤੀ ਦਾ ਨਾਮ ਗੁਰੂ ਕੀ

---

[੩੫] ਪਖ੍ਯਾਨ ਚਰਿਤ੍ਰ, ਪੰਨਾ ੧੩੮੮, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੬] ਕ੍ਰਿਸ਼ਨਾਵਤਾਰ, ਪੰਨਾ ੩੧੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।
[੩੭] ਕ੍ਰਿਸ਼ਨਾਵਤਾਰ, ਪੰਨਾ ੩੧੦, ਸ੍ਰੀ ਦਸਮ ਗ੍ਰੰਥ ਸਾਹਿਬ ਜੀ ।

ਕਾਸ਼ੀ ਹੈ ਅਤੇ ਮਾਰਕੰਡੇ ਰਿਖੀ ਦੇ ਤਪ ਅਸਥਾਨ ਦਾ ਨਾਮ ਲਿਖਨਸਰ ਹੈ ਰਖਿਆ। ਇਥੇ ਗੁਰੂ ਜੀ ਕਲਮਾਂ ਘੜ ਘੜ ਕੇ ਰਖਦੇ ਸੀ ਅਤੇ ਵਰਦਾਨ ਦਿੰਦੇ ਸੀ ਕਿ ਜੋ ਇਥੋਂ ਕਲਮ ਲੈ ਕੇ ਅਖਰ ਲਿਖਣ ਸਿਖੇਗਾ, ਤਿਸਨੂੰ ਵਿਦਿਆ ਬੜੀ ਛੇਤੀ ਆਵੇਗੀ। ਏਸ ਲਈ ਨਾਮ ਗੁਰੂ ਕੀ ਕਾਸ਼ੀ ਰਖਿਆ ਹੈ । ਸੋ ਉਥੋਂ ਦੇ ਸੇਵਾਦਾਰ ਬ੍ਰਿਧ ਸ੍ਰੀਮਾਨ ਬਾਬਾ ਨਿਹਾਲ ਸਿੰਘ ਜੀ, ਜਿਨ੍ਹਾਂ ਨੇ ਬੜੀ ਮੇਹਨਤ ਨਾਲ ਡੇਰਾਦੂਨ ਤੋਂ ਬੜੀ ਲੰਮੀ ਲਕੜ ਲਿਆ ਕੇ ਬੜਾ ਉਚਾ ਨੀਸ਼ਾਨ ਸਾਹਿਬ ਖੜਾ ਕੀਤਾ ਸੀ। ਉਚੇ ਬੁੰਗੇ ਦੇ ਮਹੰਤ ਸ੍ਰੀ ਮਾਨ ਬਾਬਾ ਸੁੰਦਰ ਸਿੰਘ ਜੀ ਗੁਰਬਾਣੀ ਦੇ ਰਸੀਏ ਗਿਆਨੀ ਚੰਦਾ ਸਿੰਘ ਜੀ ਕਟੂ ਵਾਲੇ ਬੁੰਗੇ ਦੇ ਮਹੰਤ ਮਦਰਸੇ ਬੁੰਗੇ ਵਾਲੇ ਮਹੰਤ ਬਾਬਾ ਭਗਤ ਸਿੰਘ ਲਿਖਨਸਰ ਦੇ ਮਹੰਤ ਬਾਬਾ ਬਕਾ ਸਿੰਘ ਜੀ, ਸ੍ਰੀਮਾਨ ਪੂਜਯ ਸੰਤ ਅਤਰ ਸਿੰਘ ਜੀ ਮਸਤੁਆਣੇ ਵਾਲੇ, ਸ੍ਰੀਮਾਨ ਸੰਤ ਅਤਰ ਸਿੰਘ ਜੀ ਅਤਲੇਵਾਲੇ, ਸ੍ਰੀਮਾਨ ਸੰਤ ਅਤਰ ਸਿੰਘ ਜੀ ਘੁੰਨਸ ਵਾਲੇ, ਸ੍ਰੀਮਾਨ ਸੰਤ ਸੰਤ ਵਰਯਾਮ ਸਿੰਘ ਜੀ ਭਾਈ ਕੇ ਚਕ ਵਾਲੇ, ਸ੍ਰੀਮਾਨ ਸੰਤ ਅਚਲ ਸਿੰਘ ਬੋਹੜਵਾਲੇ ਚਕਾਂਵਾਲੇ, ਸ੍ਰੀਮਾਨ ਸੰਤ ਵਧਾਵਾ ਸਿੰਘ ਜੀ ਲਹਿਰੇਵਾਲੇ, ਸ੍ਰੀਮਾਨ ਸੰਤ ਬਾਬਾ ਗੁਲਾਬ ਸਿੰਘ ਮੁਕਤਸ੍ਰੀਏ, ਸ੍ਰੀਮਾਨ ਸੰਤ ਗੁਲਾਬ ਸਿੰਘ ਜੀ ਘੋਲੀਏਵਾਲੇ, ਸ੍ਰੀਮਾਨ ਸੰਤ ਨਰਾਇਨ ਸਿੰਘ ਜੀ ਸੇਖਨਵਾਲੇ, ਸ੍ਰੀਮਾਨ ਸੰਤ ਸਾਹਿਬ ਸਿੰਘ ਜੀ ਊਨੇ ਸਾਹਿਬ ਵਾਲੇ, ਸ੍ਰੀਮਾਨ ਸੰਤ ਬਾਬਾ ਸਾਮ ਸਿੰਘ ਜੀ ਅਡਣਸ਼ਾਹੀ ਅਮ੍ਰਿਤਸ੍ਰੀਏ, ਸ੍ਰੀਮਾਨ ਬਾਬਾ ਬੀਰ ਸਿੰਘ ਨੌਰੰਗਾਬਾਦ, ਸ੍ਰੀਮਾਨ ਬਾਬਾ ਭੂਮਾ ਸਿੰਘ ਜੀ ਆਦਿ ਗੁਰਸਰ ਸਤਲਾਣੀ ਸਾਹਿਬ ਵਾਲੇ, ਸ੍ਰੀਮਾਨ ਬਾਬਾ ਦਿਆਲ ਸਿੰਘ ਜੀ ਠਾਕਰਾਂ ਦੇ ਡੇਰੇ ਅਮ੍ਰਿਤਸ੍ਰੀਏ, ਸ੍ਰੀਮਾਨ ਬਾਬਾ ਮਿਸ਼੍ਰਾ ਸਿੰਘ ਜੀ, ਸ੍ਰੀਮਾਨ ਬਾਬਾ ਜੋਗਾ ਸਿੰਘ ਸਿੰਘ ਜੀ, ਸ੍ਰੀਮਾਨ ਬਾਬਾ ਸਾਧੂ ਸਿੰਘ ਜੀ ਕਟਈ ਅੰਤ੍ਰਜਾਮੀ, ਸ੍ਰੀਮਾਨ ਗਿਆਨੀ ਬਖ਼ਸ਼ੀਸ਼ ਸਿੰਘ ਜੀ, ਸ੍ਰੀਮਾਨ ਬਾਬਾ ਰਘਬੀਰ ਸਿੰਘ ਜੀ ਮਹਾਰਾਜਾ ਸਿੰਘ ਜੀ ਦੇ ਸਪੁਤ੍ਰ, ਏਹ ਸਭ ਅੰਮ੍ਰਤਸ੍ਰ ਨਿਵਾਸੀ ਸਨ। ਇਤਿਆਦਿਕ ਬੇਅੰਤ ਪਿਛਲੇ ਬੁਜ਼ਰਗ ਆਪ ਅਤੇ ਉਨ੍ਹਾਂ ਦੀਆਂ ਸੰਪਰਦਾਵਾਂ ਦੇ ਗੁਰਸਿਖ ਹੁਣ ਤਕ ਗੁਰ ਆਗਿਯਾ ਅਨੁਸਾਰ ਹੀ ਰਹਿਰਾਸ ਆਦਿ ਗੁਰਬਾਣੀ ਦਾ ਨਿਤਨੇਮ ਪਾਠ ਕਰਦੇ ਹਨ। ਪ੍ਰ ਹੁਣ ਕੁਛ ਨਵੀਂ ਰੀਤੀ ਗੁਰਦਵਾਰੀਆਂ ਵਿਚ ਚਲਨ ਦੇ ਕਾਰਨ ਪਿਛਲੀਆਂ ਰਹੁਰੀਤਾਂ ਛਡ ਕੇ ਬਹੁਤੇ ਗੁਰਮੁਖ ਭੀ ਵੈਸੇ ਹੀ ਪਾਠ ਕਰਦੇ ਹਨ। ਪਰ ਵਾਹ ਵਾਹ ਓੜਕ ਸਚ ਨੇ ਹੀ ਰਹਿਨਾ ਹੈ । ਇਸੇ ਲਈ ਗੁਰਮੁਖ ਗੁਰਸਿਖਾਂ ਨੂੰ ਗੁਰਬਾਣੀ ਦਾ ਪਾਠ ਲਿਖੇ ਅਨੁਸਾਰ ਕਰਨਾ ਫਲੀਭੂਤ ਹੁੰਦਾ ਹੈ । ਅਗੇ ਤੂੰ ਸਮਝ ਲੈ, ਸੋ ਗੁਰਬਾਣੀ ਦੇ ਨਿਤਨੇਮ ਪਾਠ ਦੇ ਨਿਰਨਾ ਕਰਨ ਲਈ ਪਹਿਲੇ ਸ੍ਰੀਮਾਨ ਗਿਆਨੀ ਬਖ਼ਸ਼ੀਸ਼ ਸਿੰਘ ਜੀ ਪਾਸੋਂ ਪੁਛਿਆ ਸੀ। ਸੋ, ਸੌ ਸਿਆਣਿਆਂ ਇਕੋ ਮਤਿ ਵਾਲੀ ਗਲ ਅਨੁਸਾਰ ਸ੍ਰੀਮਾਨ ਸੰਤ ਬਾਬੇ ਖੜਗ ਸਿੰਘ ਜੀ ਨੇ ਭੀ ਉਸੇ ਤਰ੍ਹਾਂ ਦਸਨ ਦੀ ਕ੍ਰਿਪਾਲਤਾ ਕੀਤੀ । ਜਿਸ ਤੇ ਮੈਨੂੰ ਭੀ ਪੁਰਾਤਨ ਮ੍ਰਯਾਦਾ ਅਨੁਸਾਰ ਹੀ ਨਿਤਨੇਮ ਜੀ ਦੀ ਗੁਰਬਾਣੀ ਪੜ੍ਹਨ ਦਾ ਭਰੋਸਾ ਹੋ ਗਯਾ। ਮਾਨਯੋਗ ਸਾਧ ਸੰਗਤ ਜੀਓ, ਸ਼ੰਕਾਵਾਦੀ ਸਜਨਾਂ ਨੇ ਜੋ ਰਹਿਰਾਸ ਬਾਰੇ ਵੀਚਾਰ ਪੇਸ਼ ਕੀਤੇ ਸੀ, ਉਸ ਦਾ ਉਤ੍ਰ ਸ਼ੰਕਾਵਾਦੀਆਂ ਨੇ ਸੁਣਿ ਹੀ ਲੀਆ ਹੈ ਕਿ ਰਹਿਰਾਸ ਦੇ ਚੌਪਈ, ਦੋਹਿਰੇ, ਅੜਿਲ, ਸਵੈਈਏ ਕਿਉਂ ਪੜੇ ਜਾਂਦੇ ਹਨ । ਏਦ੍ਹਾ ਭਲੀ ਪ੍ਰਕਾਰ ਸੰਤ ਮਹਾਰਾਜ ਬਾਬੇ ਖੜਗ ਸਿੰਘ ਜੀ ਨੇ ਨਿਰਨਾ ਕਰ ਦਿਤਾ ਹੈ । ਰਹਿਰਾਸ ਹਾਹੇ ਅਖ੍ਰ ਤੋਂ ਸ਼ੁਰੂ ਹੋ ਕੇ, 'ਹਰਿ ਜੁਗੁ ਜੁਗੁ'[੩੮] ਤੋਂ ਸ਼ੁਰੂ ਹੋ ਕੇ 'ਸਗਲੇ ਦੂਖ ਜਾਹਿ'[੩੯] ਤੇ ਸਮਾਪਤੀ ਕੀਤੀ ਗਈ ਹੈ । ਸ਼ੰਕਾਵਾਦੀ ਸਜਨ ਜੇੜ੍ਹੇ ਰਹਿਰਾਸ ਬਾਰੇ ਸ਼ੰਕਾ ਕਰਦੇ ਹਨ, ਇਨ੍ਹਾਂ ਦੀਆਂ ਵੋਟਾਂ ਦੋ ਚਾਰ ਹੀ

---

[੩੮] ਆਸਾ ਮਹਲਾ ੪, ਪੰਨਾ ੪੫੧, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

[੩੯] ਰਾਗੁ ਗੂਜਰੀ ਵਾਰ ਮਹਲਾ ੫, ਸਲੋਕ, ਪੰਨਾ ੫੧੮, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਹੋਨਗੀਆਂ, ਹਜ਼ੂਰੀ ਰਹਿਰਾਸ ਦੀਆਂ ਵੋਟਾਂ ਬਹੁਤ ਜਾਦਾ ਹਨ, ਜਿਸ ਦਾ ਪੀਛੇ ਵਿਸਥਾਰ ਆ ਚੁਕਾ ਹੈ। ਨਿਹੰਗ ਸਿੰਘ ਬੁਢਾ ਦਲ ਛੇਆਨਵੇਂ ਕਰੋੜੀ ਚਲਦਾ ਵਹੀਰ, ਜੋ ਕਿ ਗੁਰਮਤ ਦੇ ਪੂਰਾ ਪਾਬੰਦ ਹੈ, ਵਹੁ ਭੀ ਹਜ਼ੂਰ ਸਾਹਿਬ ਵਾਲੀ ਰਹਿਰਾਸ ਪੜ੍ਹਦੇ ਹਨ। ਛੋਟੀ ਰਹਿਰਾਸ ਕਿਉਂ ਪ੍ਰਚਲਤ ਹੋਈ, ਇਸ ਦਾ ਕਾਰਨ ਭਸੌੜੀਏ ਸਿੰਘ ਸਭਾ ਲਹਿਰ ਵਾਲੀਆਂ ਨੇ ਟੈਮ ਦਾ ਖ਼ਰਚ ਹੁੰਦਾ ਹੈ, ਚਲੋ ਛੋਟੀ ਰਹਿਰਾਸ ਪੜ੍ਹ ਲੀਆ ਕਰੀਏ। ਜਿਸਤਰ੍ਹਾਂ ਅਨੰਦ ਸਾਹਿਬ ਪੂਰਾ ੪੦ ਚਾਲੀਸ ਪਉੜੀਆਂ ਹਨ, ਮਗ੍ਰ ਪ੍ਰਸਾਦ ਕੇ ਟੈਮ ਜਾਦਾ ਟੈਮ ਨਾ ਲਗੇ, ਇਸ ਵਾਸਤੇ ਛੇ ਪਉੜੀ ਹੀ ਪੜ੍ਹ ਲੈਂਦੇ ਹਨ।[੪੦]

ਇਕ ਦਫ਼ਾ ਅਸੀਂ ਬੰਬਈ[੪੧] ਗਏ। ਗੁਰਦਵਾਰਾ ਸਾਹਿਬ ਬੋਰੀ ਬੰਦ੍ਰ ਠਹਿਰੇ ਸਵੇਰੇ ਗ੍ਰਿੰਥੀ ਸਿੰਘ ਨੇ ਆਸਾ ਦੀ ਵਾਰ ਸ਼ੁਰੂ ਕੀਤੀ। ਚਾਰ ਛਕੇ ਪੜ ਕੇ ਭੋਗ ਪਾ ਦਿਤਾ ਹੈ। ਸੰਗਤ ਗਏ ਬਾਦ, ਗ੍ਰਿੰਥੀ ਸਿੰਘ ਨੂੰ ਪੁਛਿਆ ਕਿ ਭਾਈ ਚਾਰ ਛਕੇ ਪੜ੍ਹੇ ਨੇ, ਨਵੀਂ ਮ੍ਰਿਜਾਦਾ ਕੀਤੀ ਹੈ। ਉਨ੍ਹਾਂ ਦਸੀਯਾ ਕਿ ਇਥੇ ਚਾਰ ਛਕੇ ਰੋਜਆਨਾ ਪੜਦੇ। ਐਤਵਾਰ ਵਾਲੇ ਦਿਨ ਭੋਗ ਆਸਾ ਦੀ ਵਾਰ ਦਾ ਪਾਈਦਾ ਹੈ, ਕਿਉਂਕਿ ਸੰਗਤ ਨੇ ਕੰਮਾਂ ਤੇ ਜਾਨਾ ਹੁੰਦਾ ਹੈ, ਇਸ ਵਾਸਤੇ ਚਾਰ ਹੀ ਛਕੇ ਪੜ੍ਹ ਲੀਆ ਜਾਂਦੇ ਹਨ। ਸੋ ਸਾਧ ਸੰਗਤ ਜੀਓ, ਜਿਸਤਰ੍ਹਾਂ ਆਸਾ ਦੀ ਵਾਰ ਪੂਰੀ ਨਾ ਲਾ ਕੇ ਵ ਨਾ ਪੜ੍ਹ ਕੇ, ਟੈਮ ਦਾ ਖ਼ਿਆਲ ਰਖਦੇ ਹੋਏ ਕੰਮਾਂ ਕਾਰਾਂ ਨੂੰ ਜਾਨ ਦਾ ਖ਼ਿਆਲ ਕਰ ਕੇ ਜਿਸਤਰ੍ਹਾਂ ਆਸਾ ਦੀ ਵਾਰ ਦੇ ਚਾਰ ਛਕੇ ਹੀ ਕੀਰਤਨ ਕਰ ਲੈਂਦੇ ਹਨ, ਇਸਤਰ੍ਹਾਂ ਸਿੰਘ ਸਭਾ ਵਾਲੇ ਔਰ ਭਸੌੜੀਏ ਔਰ ਕੁਛ ਸਜਨ ਛੋਟੀ ਰਹਿਰਾਸ ਟੈਮ ਦਾ ਖ਼ਿਆਲ ਰਖਦੇ ਹੋਏ ਕਰ ਲੈਂਦੇ ਹਨ। ਛੋਟੀ ਰਹਿਰਾਸ ਗੁਰਮਤ ਦਾ ਖ਼ਿਆਲ ਰਖ ਕੇ ਨਹੀਂ ਚਾਲੂ ਵ ਸ਼ੁਰੂ ਕੀਤੀ ਗਈ, ਬਲਕੇ ਟੈਮ ਦਾ ਖ਼ਿਆਲ ਰਖ ਕੇ ਸ਼ੁਰੂ ਕੀਤੀ ਹੈ।

---

[੪੦] 'ਸਿੱਖ ਰਹਿਤ ਮਰਯਾਦਾ' ਰਹਿਰਾਸ ਸਾਹਿਬ ਬਾਰੇ ਜਾਣਕਾਰੀ ਇਸ ਪ੍ਰਕਾਰ ਦਿੰਦੀ ਹੈ : - ਇਸ ਵਿਚ ਇਹ ਬਾਣੀਆਂ ਸ਼ਾਮਿਲ ਹਨ - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿੱਚ ਲਿਖੇ ਹੋਏ ਨੌਂ ਸ਼ਬਦ ('ਸੋ ਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ), ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਸ੍ਵੈਯਾ ('ਪਾਂਇ ਗਹੇ ਜਬ ਤੇ ਤੁਮਰੇ') ਅਤੇ ਦੋਹਰਾ ('ਸਗਲ ਦੁਆਰ ਕਉ ਛਾਡਿ ਕੈ'), ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ, ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'।

[੪੧] ਹੁਣ ਇਸ ਸ਼ਹਿਰ ਦਾ ਨਾਮ 'ਮੁੰਬਈ' ਹੈ।